**ਪੰਜਾਬ ਸਰਕਾਰ**
**ਉਦਯੋਗ ਅਤੇ ਕਮਰਸ ਵਿਭਾਗ,**
**ਛੋਟੇ ਖਣਿਜਾਂ ਦੀਆਂ ਖੱਡਾਂ ਦੀ ਨਿਲਾਮੀ ਲਈ ਪਬਲਿਕ ਨੋਟਿਸ**
**ਸੋਧ ਪੱਤਰ, ਮਿਤੀ 21-7-2010, ਚੰਡੀਗੜ**

ਨੰ. ਜੀ.ਐਲ.ਜੀ/ਜ-1/ਨਿਲਾਮੀ/1085/2010/17095-ਬੀ- .ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਲਾਮੀ ਨੋਟਿਸ ਨੰ. ਜੀ.ਐਲ.ਜੀ/ਪੰਜ/ਜੀ-1/ਨਿਲਾਮੀ/2010/1085/13748-ਬੀ, ਮਿਤੀ 14-6-2010 ਰਾਂਹੀ ਪੰਜਾਬ ਰਾਜ ਦੀਆਂ ਛੋਟੇ ਖਣਿਜਾ ਦੀਆਂ ਖੱਡਾਂ ਦੀ ਨਿਲਾਮੀ ਘੋਸਿਤ ਕੀਤੀ ਗਈ ਸੀ। ਸਿਵਲ ਰਿੱਟ ਪਟੀਸ਼ਨ ਨੰ. 6866 ਆਫ 2010 ਵਿੱਚ ਮਿਤੀ 13-7-2010 ਅਤੇ 19-7-2010 ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋ ਕੀਤੇ ਹੁਕਮਾਂ ਅਨੁਸਾਰ ਇਸ ਨਿਲਾਮੀ ਨੋਟਿਸ ਵਿਚ ਹੇਠ ਮੁਤਾਬਿਕ ਐਡੀਸ਼ਨ ਕੀਤੀ ਜਾਂਦੀ ਹੈ;-

ੳ) ਨਿਲਾਮੀ ਨੋਟੀਫਿਕੇਸ਼ਨ ਵਿਚ ਜੋ ਖੱਡਾਂ ਨਿਲਾਮੀ ਲਈ ਦਰਸਾਈਆਂ ਗਈਆਂ ਹਨ ਉਹਨਾਂ ਦੀ ਜਿਲਿਆਂ ਦੇ ਸਬੰਧਤ ਮਾਲ ਵਿਭਾਗ ਵਲੋ ਨਿਸ਼ਾਨਦੇਹੀ ਕੀਤੀ ਗਈ ਹੈ।

ਅ) ਖੱਡਾਂ ਦੀ ਰਿਜਰਵ ਕੀਮਤ ਪ੍ਰਤੀਸਾਲ ਦੀ ਦਰ ਨਾਲ ਫਿਕਸ ਕਰਕੇ ਮਿਤੀ 12-7-2010 ਨੂੰ ਜਾਰੀ ਕਰ ਦਿਤੀ ਗਈ ਹੈ ਜੋ ਕਿ ਜਿਲੇ ਦੇ ਸਬੰਧਤ ਮਾਈਨਿੰਗ ਅਫਸਰ ਕਮ ਜਨਰਲ ਮੈਨੇਜਰ ਜਿਲਾ ਉਦਯੋਗ ਕੇਦਰ ਤੋ ਪ੍ਰਾਪਤ ਕੀਤੀ ਜਾ ਸਕਦੀ ਹੈ ਜਾਂ ਵਿਭਾਗ ਦੇ ਵੈਬਸਾਈਟ www.pbindustries.gov.in ਤੋ ਡਾਊਨਲੋਡ ਕੀਤੀ ਜਾ ਸਕਦੀ ਹੈ।

ੲ) ਨਿਲਾਮ ਕੀਤੀਆਂ ਖੱਡਾਂ ਵਿਚੋ ਠੇਕੇਦਾਰ ਵਲੋ ਛੋਟੇ ਖਣਿਜਾਂ ਦੀ ਵੱਧ ਤੋ ਵੱਧ ਜੋ ਨਿਕਾਸੀ ਕੀਤੀ ਜਾ ਸਕਦੀ ਹੈ ਉਸਦਾ ਵੇਰਵਾ ਜਿਲੇ ਦੇ ਸਬੰਧਤ ਮਾਈਨਿੰਗ ਅਫਸਰ ਕਮ ਜਨਰਲ ਮੈਨੇਜਰ ਜਿਲਾ ਉਦਯੋਗ ਕੇਦਰ ਤੋ ਪ੍ਰਾਪਤ ਕੀਤਾ ਜਾ ਸਕਦਾ ਹੈ ਜਾਂ ਵਿਭਾਗ ਦੇ ਵੈਬਸਾਈਟ www.pbindustries.gov.in ਤੋ ਡਾਊਨਲੋਡ ਕੀਤੀ ਜਾ ਸਕਦੀ ਹੈ।

ਸ) ਠੇਕੇਦਾਰਾਂ ਦੀ ਜਿੰਮੇਵਾਰੀ ਹੋਵੇਗੀ ਕਿ ਉਹ ਛੋਟੇ ਖਣਿਜਾਂ ਦੀ ਨਿਕਾਸੀ ਸਾਈਟੇਫਿਕ ਤਰੀਕੇ ਨਾਲ ਕਰਨਗੇ ਜਿਸ ਬਾਰੇ ਜਿਲਾ ਪੱਧਾਰ ਟਾਸਕਫੋਰਸ ਕਮੇਟੀਆਂ ਅਤੇ ਸਬੰਧਤ ਜਿਲੇ ਦੇ ਜਨਰਲ ਮੈਨੇਜਰ ਕਮ ਮਾਈਨਿੰਗ ਅਫਸਰ ਲਗਾਤਾਰ ਚੈਕਿੰਗ ਰੱਖਣਗੇ।

ਹ) ਠੇਕੇਦਾਰਾਂ ਦੀ ਜਿੰਮੇਵਾਰੀ ਹੋਵੇਗੀ ਕਿ ਛੇ ਮਹੀਨੇ ਦਾ ਠੇਕਾ ਖਤਮ ਹੋਣ ਉਪਰੰਤ ਮਾਈਨਿੰਗ ਕਾਰਨ ਪਾਏ ਗਏ ਖੱਡੇ ਆਦਿ ਨੂੰ ਉਹ ਭਰਨਗੇ ਤਾਂ ਕਿ ਮਾਈਨਿੰਗ ਕੀਤੀ

ਗਈ ਜਮੀਨ ਰੀਸਟੋਰ ਹੋ ਸਕੇ। ਇਸ ਤੋ ਇਲਾਵਾ ਸਬੰਧਤ ਜਿਲਿਆਂ ਦੇ ਮਾਈਨਿੰਗ ਅਫਸਰ ਸਾਰੀਆਂ ਖੱਡਾਂ ਦਾ ਸਰਵੇ ਕਰਨਗੇ ਅਤੇ ਯਕੀਨੀ ਬਣਾਉਣਗੇ ਕਿ ਜੋ ਰਕਬੇ ਪਿਛਲੇ ਕੁਝ ਸਾਲਾਂ ਤੋ ਅਨਸਾਈਟੇਫਿਕ ਅਤੇ ਜਿਆਦਾ ਮਾਈਨਿੰਗ ਕਾਰਨ ਪ੍ਰਭਾਵਿਤ ਹੋਏ ਹਨ ਉਹਨਾਂ ਨੂੰ ਨਿਲਾਮੀ ਵਿਚੋ ਕੱਢਿਆ ਜਾਵੇ ਅਤੇ ਨਿਲਾਮੀ ਫੇਸਡ ਮੈਨਰ ਅਨੁਸਾਰ ਹੋ ਸਕੇ।

ਕ) ਨਿਲਾਮੀ ਨੋਟਿਸ ਮਿਤੀ 14-6-2010 ਦੀਆਂ ਸ਼ਰਤਾਂ ਵਿਚ ਹੇਠ ਮੁਤਾਬਿਕ ਸੋਧ ਕੀਤੀ ਜਾਂਦੀ ਹੈ;-

1(ਅ) ਠੇਕੇ ਦੀ ਮਿਆਦ ਠੇਕੇ ਦੀ ਬੋਲੀ ਦੀ ਪ੍ਰਵਾਨਗੀ ਦੀ ਸੂਚਨਾਂ ਠੇਕੇਦਾਰਾਂ ਨੂੰ ਭੇਜਣ ਦੀ ਮਿਤੀ ਤੋ ਛੇ ਮਹੀਨੇ ਲਈ ਹੋਵੇਗੀ । ਇਸ ਸ਼ਰਤ ਦਾ ਬਾਕੀ ਹਿੱਸਾ ਡਲੀਟ ਕੀਤਾ ਜਾਂਦਾ ਹੈ।

1(ੲ) ਨਿਲਾਮੀ ਦੀ ਇਹ ਸ਼ਰਤ ਹੇਠ ਅਨੁਸਾਰ ਤਬਦੀਲ ਕੀਤੀ ਜਾਂਦੀ ਹੈ.-

ਖੱਡਾਂ ਦੀ ਇੰਨਵਾਇਰਮੇਂਟ ਕਲੀਅਰੈਂਸ ਸਬੰਧੀ ਜੋ ਖਰਚਾ ਆਏਗਾ ਉਹ ਠੇਕੇਦਾਰਾਂ ਤੋ ਰਿਕਵਰ ਕੀਤਾ ਜਾਵੇਗਾ। ਇਹ ਰਿਕਵਰੀ ਠੇਕੇਦਾਰਾਂ ਤੋ ਠੇਕੇ ਦਾ ਸਮਾਂ 2 ਸਾਲ ਸਮਝਦੇ ਹੋਏ ਪ੍ਰੋਪੋਸ਼ਨੇਟਲੀ ਕੀਤੀ ਜਾਵੇਗੀ। ਇਸ ਨਿਲਾਮੀ ਦਾ ਸਮਾਂ 6 ਮਹੀਨੇ ਹੈ ਇਸ ਲਈ ਇੰਨਵਾਇਰਮੇਂਟ ਕਲੀਅਰੈਸ ਤੇ ਆਏ ਕੁੱਲ ਖਰਚੇ ਦਾ 25 ਪ੍ਰਤੀਸ਼ਤ ਇਸ ਨਿਲਾਮੀ ਦੇ ਠੇਕੇਦਾਰਾਂ ਤੋ ਰਿਕਵਰ ਕੀਤਾ ਜਾਏਗਾ।

5. ਨਿਲਾਮੀ ਪੂਰੀ ਹੋਣ ਨਾਲ ਜਦੋ ਨਿਲਾਮੀ ਸਬੰਧੀ ਨਤੀਜਾ ਘੋਸਿਤ ਕੀਤਾ ਜਾਦਾ ਹੈ ਤਾਂ ਉਚਤਮ ਬੋਲੀਕਾਰ ਤਰੰਤ ਹੀ ਪ੍ਰਧਾਨ ਅਫਸਰ ਪਾਸ ਠੇਕੇ ਦੀ ਦਰ ਦਾ 25 ਫੀਸਦੀ ਰਕਮ ਬਤੌਰ ਰਾਇਲਟੀ ਦੀ ਕਿਸ਼ਤ ਅਤੇ 25 ਫੀਸਦੀ ਰਕਮ ਬਤੌਰ ਜਮਾਨਤ ਜਮਾਂ ਕਰਵਾਏਗਾ।ਇਸ ਤੋ ਇਲਾਵਾ ਠੇਕੇਦਾਰ ਠੇਕਾ ਚਾਲੂ ਹੋਣ ਦੀ ਮਿਤੀ ਤੋ ਇਕ ਮਹੀਨੇ ਦੇ ਅੰਤਰ ਅਨੁਸਾਰ ਹਰ ਮਹੀਨੇ ਠੇਕੇ ਦੀ ਰਕਮ ਦਾ 15 ਪ੍ਰਤੀਸ਼ਤ ਦੇ ਹਿਸਾਬ ਨਾਲ ਬਤੌਰ ਠੇਕੇ ਦੀ ਕਿਸ਼ਤ ਐਡਵਾਂਸ ਜਮਾਂ ਕਰਵਾਏਗਾ। ਇਹ ਕਿਸਤ ਡਿਊ ਮਿਤੀ ਤੋ ਇਕ ਹਫਤੇ ਦੇ ਅੰਦਰ ਅੰਦਰ ਜਮਾਂ ਕਰਾਉਣੀ ਪਵੇਗੀ ਨਹੀ ਤਾਂ 18 ਪ੍ਰਤੀਸਤ ਵਿਆਜ ਲਿਆ ਜਾਵੇਗਾ।

8. ਠੇਕੇਦਾਰਾਂ ਵਲੋ ਛੋਟੇ ਖਣਿਜਾਂ ਦਾ ਐਕਸ਼ ਮਾਈਨ ਰੇਟ ਪੰਜਾਬ ਮਾਈਨਰ ਮਿਨਰਲ ਕੰਨਸੈਸ਼ਨ ਰੂਲਜ 1964 ਦੇ ਸਡਿਊਲ-1 ਵਿਚ ਦਰਸਾਏ ਸਬੰਧਤ ਛੋਟੇ ਖਣਿਜ ਦੇ ਰੇਟ ਤੋ 70 ਪ੍ਰਤੀਸ਼ਤ ਓਵਰ ਐਡ ਅਬਵ ਸਡਿਊਲ ਰੇਟ ਪੜਿਆ ਜਾਵੇ।

ਖ) ਜਿਲਾ ਐਸ.ਏ.ਐਸ.ਨਗਰ, ਰੂਪਨਗਰ, ਪਟਿਆਲਾ, ਲੁਧਿਆਣਾ ,ਫਰੀਦਕੋਟ ਅਤੇ ਮੋਗਾ ਦੀਆਂ ਖੱਡਾਂ ਦੀ ਨਿਲਾਮੀ ਹੇਠ ਲਿਖੇ ਅਨੁਸਾਰ ਕਰਵਾਈ ਜਾਵੇਗੀ.-

| ਲੜੀ ਨੰ: | ਜਿਲ੍ਹਾ | ਨਿਲਾਮੀ ਹੋਣ ਵਾਲੀਆਂ ਖੱਡਾਂ ਦੀ ਗਿਣਤੀ | ਨਿਲਾਮੀ ਦੀ ਥਾਂ | ਮਿਤੀ |
|---|---|---|---|---|
| 1 | 2 | 3 | 4 | 5 |
| 1<br>2<br>3 | ਐਸ.ਏ.ਐਸ.ਨਗਰ<br>ਰੂਪਨਗਰ<br>ਪਟਿਆਲਾ | 55<br>63<br>11 | ਦਫਤਰ ਜਨਰਲ ਮੇਨੈਜਰ ਕਮ ਮਾਈਨਿੰਗ ਅਫ਼ਸਰ, ਜਿਲਾ ਉਦਯ਼ਗ ਕੇਦਰ,ਐਸ.ਏ.ਐਸ.ਨਗਰ | 3.8.2010 |
| 4<br>5<br>6 | ਲੁਧਿਆਣਾ<br>ਫਰੀਦਕੋਟ<br>ਮੋਗਾ | 31<br>8<br>8 | ਦਫਤਰ ਜਨਰਲ ਮੇਨੈਜਰ ਕਮ ਮਾਈਨਿੰਗ ਅਫ਼ਸਰ, ਜਿਲਾ ਉਦਯੋਗ ਕੇਦਰ, ਲੁਧਿਆਣਾ | 5.8.2010 |

ਖੱਡਾਂ ਦੀ ਨਿਲਾਮੀਆਂ ਬਾਰੇ ਬਾਕੀ ਵੇਰਵਾ ਅਤੇ ਸ਼ਰਤਾਂ ਮਿਤੀ 14-6-2010 ਨੂੰ ਜਾਰੀ ਨਿਲਾਮੀ ਨੋਟਿਸ ਅਨਸਾਰ ਹੀ ਹੋਣਗੀਆਂ।

21-7-10

-ਸਹੀ-

ਐਸ.ਐਸ.ਬੈਸ, ਆਈ.ਏ.ਐਸ.

ਡਾਇਰੈਕਟਰ ਉਦਯੋਗ ਅਤੇ ਕਮਰਸ ਪੰਜਾਬ।